PSEB/169/2022-RO ROPAR-APE OFFICE-PSEBI/93438/2024

# ਪੰਜਾਬ ਸਕੂਲ ਸਿੱਖਿਆ ਬੋਰਡ
## ( ਐਫੀਲੀਏਸ਼ਨ ਸ਼ਾਖਾ )

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਿਕਾ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼

ਨੰਬਰ: (119861) ਪਸਸਬ-ਐਫੀ:2024/ 554 ਮਿਤੀ: 28/8/24

**ਵਿਸ਼ਾ: ਅਕਾਦਮਿਕ ਸੈਸ਼ਨ 2024-25 ਦੇ ਦਾਖਲਾ ਖਾਰਜ ਰਜਿਸਟਰ ਨੂੰ ਸਬੰਧਤ ਖੇਤਰੀ ਦਫਤਰ ਤੋਂ ਤਸਦੀਕ ਕਰਵਾਉਣ ਸਬੰਧੀ।**

*********

ਉਪਰੋਕਤ ਵਿਸੇ ਸਬੰਧੀ ਦੱਸਿਆ ਜਾਂਦਾ ਹੈ ਕਿ ਸਾਲ 2024-25 ਲਈ ਦਫਤਰ ਵੱਲੋਂ ਸੰਸਥਾਵਾਂ ਨੂੰ ਵਿਦਿਆਰਥੀਆਂ ਦਾ ਦਾਖਲਾ ਕਰਨ ਦੀ ਅੰਤਿਮ ਮਿਤੀ 31-08-2024 ਨਿਰਧਾਰਤ ਕੀਤੀ ਗਈ ਸੀ । ਇਸ ਲਈ ਸੰਸਥਾਵਾਂ ਨੂੰ ਸੈਸ਼ਨ 2024-25 ਦਾ ਦਾਖਲਾ ਖਾਰਜ ਰਜਿਸਟਰ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਹੇਠ ਲਿਖੇ ਸ਼ਡਿਊਲ ਅਨੁਸਾਰ ਪ੍ਰਤੀ ਹਸਤਾਖਰ ਕਰਵਾ ਸਕਦੀਆਂ ਹਨ-

| ਲੜੀ ਨੰ: | ਫੀਸ | ਮਿਤੀ: |
|---|---|---|
| 1. | ਬਿਨ੍ਹਾਂ ਫੀਸ | 01-09 -2024 ਤੋਂ 30-09-2024 ਤੱਕ |
| 2. | 1,000/- ਰੁ : ਜੁਰਮਾਨਾ | 01-10-2024 ਤੋਂ 15-10-2024 ਤੱਕ |
| 3. | 3000/- ਰੁ : ਜੁਰਮਾਨਾ | 16-10-2024 ਤੋਂ 31-10-2024 ਤੱਕ |

1. ਸਮੂਹ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਸੰਸਥਾ ਵਿੱਚ ਨਿਰਧਾਰਤ ਮਿਤੀਆਂ ਤੱਕ ਕੀਤੇ ਗਏ ਦਾਖਲਿਆਂ ਦਾ ਮੁਕੰਮਲ ਦਾਖਲਾ ਖਾਰਜ ਰਜਿਸਟਰ ਹਰ ਹਾਲਤ ਵਿੱਚ ਆਪਣੇ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਤੋਂ ਪ੍ਰਤੀ ਹਸਤਾਖਰ ਕਰਵਾਉਣਾ ਯਕੀਨੀ ਬਣਾਉਣ।

2. ਇਸ ਨਿਰਧਾਰਤ ਮਿਤੀ ਤੱਕ ਜਿਹੜੀਆਂ ਸੰਸਥਾਵਾਂ ਆਪਣੇ ਦਾਖਲਾ ਖਾਰਜ ਰਜਿਸਟਰ ਨੂੰ ਜਿਲ੍ਹਾ ਮੈਨੇਜਰ ਤੋਂ ਪ੍ਰਤੀ ਹਸਤਾਖਰ ਨਹੀਂ ਕਰਵਾਉਣਗੀਆਂ , ਉਨ੍ਹਾਂ ਸੰਸਥਾਵਾਂ ਦੇ ਸੈਸਨ 2024-25 ਦੋਰਾਨ ਬੋਰਡ ਦਫਤਰ ਵੱਲੋਂ ਲਈਆਂ ਜਾਣ ਵਾਲੀਆਂ ਸਲਾਨਾ ਪ੍ਰੀਖਿਆਵਾਂ ਦੇ ਰੋਲ ਨੰਬਰ ਰੋਕ ਲਏ ਜਾਣਗੇ ਅਤੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ। ਜਿਸਦੀ ਸਾਰੀ ਜਿੰਮੇਂਵਾਰੀ ਸੰਸਥਾ ਮੁੱਖੀਆਂ ਦੀ ਹੋਵੇਗੀ।

3. ਜਿਹੜੀਆਂ ਸੰਸਥਾਵਾਂ ਵੱਲੋਂ ਸਾਲ 2022-23 ਅਤੇ ਸਾਲ 2023-24 ਦੌਰਾਨ ਆਪਣੀ ਸੰਸਥਾ ਦੇ ਦਾਖਲਾ ਖਾਰਜ ਰਜਿਸਟਰ ਸਬੰਧਤ ਜਿਲ੍ਹਾ ਮੈਨੇਜਰ, ਖੇਤਰੀ ਦਫਤਰਾਂ ਤੋਂ ਪ੍ਰਤੀ-ਹਸਤਾਖਰ ਨਹੀਂ ਕਰਵਾਏ ਗਏ, ਅਜਿਹੀਆਂ ਸੰਸਥਾਵਾਂ ਨੂੰ ਦਾਖਲਾ ਖਾਰਜ ਰਜਿਸਟਰ **9000+9000=18000/-ਰੁ: ਪ੍ਰਤੀ ਸੈਸ਼ਨ** ਫੀਸ ਭਰ ਕੇ ਜਿਲ੍ਹਾ ਮੈਨੇਜਰ ਤੋਂ ਪ੍ਰਤੀ ਹਸਤਾਖਰ ਕਰਵਾਉਣ ਲਈ ਅੰਤਿਮ ਮੋਕਾ ਦਿੱਤਾ ਜਾਂਦਾ ਹੈ। ਇਸ ਉਪਰੰਤ ਹੀ ਅਕਾਦਮਿਕ ਸੈਸ਼ਨ 2024-25 ਦਾ ਦਾਖਲਾ ਖਾਰਜ ਰਜਿਸਟਰ ਮੌਜੂਦਾ ਸ਼ਡਿਊਲ ਅਨੁਸਾਰ ਪ੍ਰਤੀ-ਹਸਤਾਖਰ ਕੀਤਾ ਜਾਵੇਗਾ।

**ਨੋਟ: ਸਬੰਧਤ ਜਿਲ੍ਹਾ ਮੈਨੇਜਰ , ਖੇਤਰੀ ਦਫਤਰ ਤੋਂ ਦਾਖਲਾ ਖਾਰਜ ਰਜਿਸਟਰ ਪ੍ਰਤੀ ਹਸਤਾਖਰ ਕਰਵਾਉਣ ਲਈ ਨਿਸ਼ਚਿਤ ਕੀਤੀ ਮਿਤੀ 31-10-2024 ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਕਿਸੇ ਵੀ ਸੰਸਥਾ ਦਾ ਦਾਖਲਾ ਖਾਰਜ ਰਜਿਸਟਰ ਦੇਰੀ ਦੀ ਮੁਆਫੀ ਨਾਲ ਪ੍ਰਤੀ-ਹਸਤਾਖਰ ਨਹੀਂ ਕੀਤਾ ਜਾਵੇਗਾ।**

28/8/24

ਸੁਪਰਡੰਟ (ਐਫੀਲੀਏਸ਼ਨ)
ਪੰਜਾਬ ਸਕੂਲ ਸਿੱਖਿਆ ਬੋਰਡ।

28/8/24